# PUNJABI NOVEL IN THE CONTEXT OF ECO-CULTURE: PRESENT AND FUTURE

# ਈਕੋ-ਕਲਚਰ ਦੇ ਸੰਦਰਭ ਚ ਪੰਜਾਬੀ ਨਾਵਲ: ਵਰਤਮਾਨ ਅਤੇ ਭਵਿੱਖ

**ਸੋਮਾ ਸਿੰਘ** (Soma Singh)
**ਖੋਜਾਰਥੀ** (Research Scholar)
**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)**
Email ID: Somasinghstar@gmail.com
**ਮੋਬਾਈਲ**: +91- 98966-88471

**ਗੁਰਸੇਵਕ ਸਿੰਘ** (Gursewak Singh)
**ਖੋਜਾਰਥੀ** (Research Scholar)
**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)**
Email ID: Gursewak74655@gmail.com
**ਮੋਬਾਈਲ**: +91- 86849-74655

**ABSTRACT**

*ਪੰਜਾਬ ਦੀ ਸਭਿਆਚਾਰਕ ਵਿਭਿੰਨਤਾ ਹੀ ਪੰਜਾਬ ਦੀ ਵਿਲੱਖਣ ਪਹਿਚਾਣ ਹੈ। ਖੇਤਰ ਵਿਸ਼ੇਸ਼ ਦੇ ਭੌਤਿਕ ਵਾਤਾਵਰਨ ਕਾਰਨ ਹੀ ਉਸਦੇ ਸਭਿਆਚਾਰ ਅਤੇ ਜੀਵਨ-ਜਾਂਚ ਵਿਚ ਤਬਦੀਲੀਆਂ ਵਾਪਰਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਸਾਹਿਤਕ ਵਿਧਾ ਨਾਵਲ ਵਿਚ ਨਾਵਲਕਾਰਾਂ ਨੇ ਬਹੁਤ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਨਾਵਲਾਂ ਵਿਚ ਵਾਤਾਵਰਨ ਬਦਲਾਵ ਹੀ ਸਭਿਆਚਾਰ ਤਬਦੀਲੀਆਂ ਦਾ ਕਾਰਨ ਬਣਦਾ ਹੈ, ਜਿਹੜਾ ਸਾਡੇ ਸਮਾਜ ਵਿਚ ਸਿੱਧੇ ਅਤੇ ਅਸਿੱਧੇ ਦਿਖਾਈ ਦਿੰਦਾ ਹੈ। ਸਮਾਜ ਦੇ ਖੇਤਰ ਵਿਸ਼ੇਸ਼ ਵਿਚ ਸਭਿਆਚਾਰ ਦੇ ਵਿਭਿੰਨ ਅੰਗ ਧੰਦੇ, ਗਹਿਣੇ, ਜਨਮ, ਵਿਆਹ ਅਤੇ ਮੌਤ ਸੰਬੰਧੀ ਰਸਮਾਂ, ਕਦਰਾਂ-ਕੀਮਤਾਂ, ਰੀਤੀ-ਰਿਵਾਜ, ਲੋਕ ਕਲਾਵਾਂ ਅਤੇ ਭਾਸ਼ਾ ਆਦਿ ਸੰਬੰਧਿਤ ਹੁੰਦੇ ਹਨ। ਪੰਜਾਬੀ ਸਭਿਆਚਾਰ ਵਿਚ ਸੱਥ, ਬੋਹੜ, ਪਿੱਪਲ ਆਦਿ ਰੁੱਖਾਂ ਹੇਠ ਸਾਂਝਾ ਥਾਂ ਪੰਜਾਬੀਆਂ ਦੀ ਏਕਤਾ ਦਾ ਪ੍ਰਤੀਕ ਰਿਹਾ ਹੈ। ਸੱਥ ਵਿਚ ਬੈਠੇ ਬਜ਼ੁਰਗ, ਜਵਾਨ ਅਤੇ ਬੱਚੇ ਗੱਲਾਂ-ਬਾਤਾਂ, ਕਿੱਸੇ-ਕਹਾਣੀਆਂ, ਵਿਭਿੰਨ ਲੋਕ-ਖੇਡਾਂ ਦੇ ਨਾਲ ਆਪਣਾ ਸਮਾਂ ਗੁਜ਼ਾਰਦੇ ਸਨ। ਸੱਥ ਪਿੰਡ ਦੇ ਵਿਭਿੰਨ ਤਰ੍ਹਾਂ ਦੇ ਮਸਲੇ ਹੱਲ ਕਰਨ ਦਾ ਕਚਹਿਰੀ-ਘਰ ਹੁੰਦਾ ਹੈ। ਇਸੇ ਤਰ੍ਹਾਂ ਦੀ ਸੱਥ ਦਾ ਜ਼ਿਕਰ ਬਲਬੀਰ ਪਰਵਾਨਾ ਦੇ ਨਾਵਲ ਗਹਿਰ ਚੜ੍ਹੀ ਅਸਮਾਨ ਵਿਚ ਦਿਖਾਈ ਦਿੰਦਾ ਹੈ। ਗਰਮੀਆਂ ਦੀ ਰੁੱਤ ਵਿਚ ਪਿੱਪਲ, ਬੋਹੜ, ਜਾਮਣਾਂ, ਅੰਬਾਂ, ਟਾਹਲੀਆਂ, ਡੇਕਾਂ, ਤੂਤਾਂ ਦੇ ਰੁੱਖਾਂ ਦੀ ਇੱਕ-ਜੁੱਟਤਾ ਅਰਥਾਤ ਵਾਤਾਵਰਨਿਕ ਤੱਤਾਂ ਦਾ ਸੰਬੰਧ ਸਿੱਧੇ ਰੂਪ ਵਿਚ ਸੱਥ ਨਾਲ ਜਾ ਜੁੜਦਾ ਹੈ। ਭੌਤਿਕ ਵਾਤਾਵਰਨ ਦੇ ਪ੍ਰਭਾਵ ਕਾਰਨ ਹੀ ਕਿਸੇ ਖੇਤਰ ਵਿਸ਼ੇਸ਼ ਦਾ ਕਿੱਤਾ ਨਿਰਧਾਰਿਤ ਹੁੰਦਾ ਹੈ। ਭੌਤਿਕ ਵਾਤਾਵਰਨ ਸਮਾਜ ਨੂੰ ਜਿਵੇਂ ਦੀਆਂ ਸਹੂਲਤਾਂ ਦਿੰਦਾ ਹੈ ਉੱਥੋਂ ਦੇ ਲੋਕ ਉਹਨਾਂ ਸਹੂਲਤਾਂ ਉਪਰ ਅਧਾਰਿਤ ਹੀ ਆਪਣੇ ਕਾਰਜਾਂ ਨੂੰ ਆਰੰਭ ਕਰਦੇ ਹਨ। ਪੰਜ ਪਾਣੀਆਂ ਦੀ ਧਰਤੀ ਹੋਣ ਸਦਕਾ ਅਤੇ ਉਪਜਾਊ ਜ਼ਮੀਨ ਦੀ ਭਰਮਾਰ ਕਰਕੇ ਪੰਜਾਬੀ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਰਿਹਾ ਹੈ ਅਤੇ ਖੇਤੀ ਦੇ ਬਹੁਤ ਸਾਰੇ ਕੰਮਾਂ ਵਿਚ ਸਹਿਯੋਗੀ ਪਾਲਤੂ ਜਾਨਵਰਾਂ ਦੀ ਲੋੜ ਕਾਰਨ ਪਸ਼ੂ-ਪਾਲਣ ਆਰੰਭ ਹੋਇਆ। ਇਸ ਤਰ੍ਹਾਂ ਸਪਸ਼ਟ ਰੂਪ ਵਿਚ ਨਾਵਲਾਂ ਵਿਚ ਵਾਤਾਵਰਨ ਤੱਤਾਂ ਅਤੇ ਸਭਿਆਚਾਰਕ ਅੰਗਾਂ ਦੀ ਆਪਸੀ ਨਿਰਭਰਤਾ ਨੂੰ ਪੇਸ਼ ਕੀਤਾ ਗਿਆ ਹੈ।*

***ਕੀ ਵਰਡ : ਈਕੋਕ੍ਰਿਟੀਸਿਜ਼ਮ, ਈਕੋਕਲਚਰ, ਪੰਜਾਬੀ ਸਭਿਆਚਾਰ, ਵਾਤਾਵਰਨ, ਉਦਯੋਗੀਕਰਨ, ਭਾਸ਼ਾ, ਕਲਾਵਾਂ।***

ਗ੍ਰੀਨ ਕਲਚਰ ਸਟੱਡੀ ਜਾਂ ਈਕੋ-ਕਲਚਰ, ਈਕੋਕ੍ਰਿਟੀਸਿਜ਼ਮ ਵਿਚ ਵਰਤੀ ਜਾਂਦੀ ਅਜਿਹੀ ਮੱਦ ਹੈ, ਜਿਸ ਵਿਚ ਸਮਾਜ ਅਤੇ ਸਭਿਆਚਾਰ ਨੂੰ ਵਾਤਾਵਰਨ ਤੱਤਾਂ ਤੋਂ ਉਪਜਿਆ ਸਮਝਿਆ ਜਾਂਦਾ ਹੈ ਅਤੇ ਵਾਤਾਵਰਨ ਤੇ ਸਭਿਆਚਾਰ ਦੀ ਆਪਸੀ ਨਿਰਭਰਤਾ ਨੂੰ ਦਰਸਾਇਆ ਜਾਂਦਾ ਹੈ। ਈਕੋ-ਕਲਚਰ ਉਹ ਪ੍ਰਕਿਰਿਆ ਹੈ ਜਿਸ ਵਿਚ ਮਨੁੱਖ ਆਪਣੀਆਂ ਸਭਿਆਚਾਰਕ ਗਤੀਵਿਧੀਆਂ ਵਾਤਾਵਰਨ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਕਰਦਾ ਈਕੋਕ੍ਰਿਟੀਸਿਜ਼ਮ ਕੁਦਰਤ ਅਤੇ ਸਭਿਆਚਾਰ ਦੇ ਵਿਚਕਾਰ ਚੱਲਦੀ ਪੱਛਮੀ ਪਰੰਪਰਾ ਦੇ ਬਾਈਨਰੀ ਵਿਰੋਧ ਨੂੰ ਰੱਦ ਕਰਦਾ ਹੈ। ਸਭਿਆਚਾਰ ਅਤੇ ਵਾਤਾਵਰਨ ਦੋਵੇਂ ਇਕ-ਦੂਜੇ ਉੱਤੇ ਪਰਸਪਰ ਨਿਰਭਰ ਹਨ ਅਤੇ ਇੱਕ ਦੂਜੇ ਨਾਲ ਸੰਬੰਧਿਤ ਹਨ, ਜਿਵੇਂ ਕਿ ਵਿਲੀਅਮ ਹਾਵਰਥ ਈਕੋਕ੍ਰਿਟੀਸਿਜ਼ਮ ਦੇ ਸਿਧਾਂਤ ਕਿਤਾਬ ਵਿਚ ਲਿਖਦਾ ਹੈ:-

> *"ਹਾਲਾਂਕਿ ਅਸੀਂ ਕੁਦਰਤ ਅਤੇ ਸਭਿਆਚਾਰ ਨੂੰ ਵਿਰੋਧੀ ਰੂਪ ਵਿੱਚ ਪ੍ਰਗਟ ਕਰਦੇ ਹਾਂ, ਅਸਲ ਵਿੱਚ ਉਹ ਇੱਕ ਵਗਦੀ ਧਾਰਾ ਵਿੱਚ ਪਾਣੀ ਅਤੇ ਮਿੱਟੀ ਵਾਂਗ ਨਿਰੰਤਰ ਮਿਲਦੇ ਹਨ।"[1]*

ਸਭਿਆਚਾਰ ਤਬਦੀਲੀ ਨਾਲ ਸੰਬੰਧਿਤ ਮੁੱਦਿਆਂ ਦਾ ਅਧਿਐਨ ਇਕੋਕ੍ਰਿਟੀਸਿਜ਼ਮ ਵਿਧੀ ਦੇ ਆਧਾਰ ਤੇ ਕਰਦੇ ਹੋਏ ਇਹ ਪਰਖ ਕੀਤੀ ਜਾਂਦੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਵਾਤਾਵਰਨ ਪਰਿਵਰਤਨ ਕਿਸ ਹੱਦ ਤੱਕ

ਭੂਮਿਕਾ ਨਿਭਾਉਂਦੇ ਹਨ। ਪੰਜਾਬੀ ਨਾਵਲ ਵਿਚ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਵੱਖ-ਵੱਖ ਨਾਵਲਾਂ ਵਿਚ ਸਭਿਆਚਾਰਕ ਸੰਕਟਾਂ ਨੂੰ ਵਾਤਾਵਰਨ ਸੰਕਟਾਂ ਦੇ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਵਾਤਾਵਰਨ ਬਦਲਣ ਦੇ ਨਾਲ ਸਭਿਆਚਾਰ ਵਿਚ ਬਦਲਾਵ ਅਤੇ ਸਭਿਆਚਾਰ ਬਦਲਣ ਦੇ ਨਾਲ ਵਾਤਾਵਰਨ ਵਿਚ ਬਦਲਾਵ ਉਜਾਗਰ ਹੁੰਦੇ ਹਨ ਜੋ ਕਿ ਇਕੋਕ੍ਰਿਟੀਸਿਜ਼ਮ ਅਧਿਐਨ ਵਿਧੀ ਵਿਚ ਸ਼ਾਮਲ ਹੁੰਦੇ ਹਨ। ਇਹ ਖੋਜ ਪੱਤਰ ਦਾ ਉਦੇਸ਼ ਪੰਜਾਬੀ ਨਾਵਲ ਦੇ ਹਵਾਲੇ ਨਾਲ ਪੰਜਾਬੀ ਸਭਿਆਚਾਰਕ ਪਰਿਵਰਤਨਾਂ ਦੇ ਨੁਕਤਿਆਂ ਨੂੰ ਸਮਝਣ ਦਾ ਯਤਨ ਕਰਨਾ ਹੈ।

ਪੰਜਾਬ ਦੀ ਸਭਿਆਚਾਰਕ ਵਿਭਿੰਨਤਾ ਹੀ ਪੰਜਾਬ ਦੀ ਵਿਲੱਖਣ ਪਹਿਚਾਣ ਹੈ। ਕਿਸੇ ਵੀ ਖੇਤਰ ਦੇ ਭੌਤਿਕ ਵਾਤਾਵਰਨ ਕਾਰਨ ਹੀ ਉਸਦੇ ਸਭਿਆਚਾਰ ਅਤੇ ਜੀਵਨ-ਜਾਂਚ ਵਿਚ ਤਬਦੀਲੀਆਂ ਵਾਪਰਦੀਆਂ ਹਨ। ਇਸ ਤਰ੍ਹਾਂ ਵਾਤਾਵਰਨ ਬਦਲਾਵ ਹੀ ਸਭਿਆਚਾਰ ਤਬਦੀਲੀਆਂ ਦਾ ਕਾਰਨ ਬਣਦਾ ਹੈ। ਸਮਾਜ ਦੇ ਖੇਤਰ ਵਿਸ਼ੇਸ਼ ਵਿਚ ਸਭਿਆਚਾਰ ਦੇ ਵਿਭਿੰਨ ਅੰਗ ਧੰਦੇ, ਗਹਿਣੇ, ਜਨਮ, ਵਿਆਹ ਅਤੇ ਮੌਤ ਸੰਬੰਧੀ ਰਸਮਾਂ, ਕਦਰਾਂ-ਕੀਮਤਾਂ, ਰੀਤੀ-ਰਿਵਾਜ, ਲੋਕ ਕਲਾਵਾਂ ਅਤੇ ਭਾਸ਼ਾ ਆਦਿ ਸੰਬੰਧਿਤ ਹੁੰਦੇ ਹਨ। ਪ੍ਰੋ. ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ:-

> *"ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"*[2]

ਸਭਿਆਚਾਰ ਦਾ ਵਾਤਾਵਰਨ ਨਾਲ ਅਟੁੱਟ ਸੰਬੰਧ ਹੈ ਅਤੇ ਇਸ ਸੰਬੰਧ ਨੂੰ ਈਕੋਕ੍ਰਿਟੀਸਿਜ਼ਮ ਅਧਿਐਨ ਵਿਧੀ ਵਿਚ ਚਿਤਰਿਆ ਜਾਂਦਾ ਹੈ। ਈਕੋਕ੍ਰਿਟੀਸਿਜ਼ਮ ਵੀਹਵੀਂ ਸਦੀ ਦੇ ਅਖੀਰਲੇ ਤਿੰਨ ਦਹਾਕਿਆਂ ਦੌਰਾਨ ਹੋਂਦ ਵਿਚ ਆਈ ਅਜਿਹੀ ਕੁਦਰਤੀ ਵਾਤਾਵਰਨ ਕੇਂਦਰਿਤ ਪਹੁੰਚ ਵਿਧੀ ਹੈ, ਜਿਹੜੀ ਸਾਹਿਤ ਵਿੱਚ ਮਨੁੱਖ ਅਤੇ ਕੁਦਰਤੀ ਸੰਸਾਰ ਦੇ ਵਿਚਕਾਰ ਅੰਤਰ-ਸੰਬੰਧਕੀ ਸੰਬੰਧਾਂ ਦੀ ਜਾਂਚ ਕਰਦੀ ਹੈ। ਦਰਅਸਲ ਇਸ ਸਿਧਾਂਤ ਵਿਚ ਵਾਤਾਵਰਨ ਸੰਬੰਧੀ ਸੰਕਟਾਂ, ਵਾਤਾਵਰਨ ਨਾਲ ਸੰਬੰਧਿਤ ਸਭਿਆਚਾਰਕ ਮੁੱਦਿਆਂ ਅਤੇ ਕੁਦਰਤ ਪ੍ਰਤੀ ਰਵੱਈਏ ਨੂੰ ਪੇਸ਼ ਕੀਤਾ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। 6 ਅਕਤੂਬਰ 1994 ਈ. ਵਿਚ WLA ਸਾਲਟ ਲੇਕ ਸਿਟੀ ਵਿਖੇ *ਡੀਫਾਈਨਿੰਗ ਈਕੋਕ੍ਰਿਟੀਕਲ ਥਿਉਰੀ ਐਂਡ ਪਰੇਕਟਿਸ* ਵਿਸ਼ੇ ਉਪਰ ਹੋਈ ਸਭਾ ਵਿਚ 16 ਪੇਪਰ ਪੜੇ ਗਏ, ਇਨ੍ਹਾਂ ਵਿਚੋਂ ਥੋਮਸ ਕੇ. ਨੇ ਈਕੋਕ੍ਰਿਟੀਸਿਜ਼ਮ ਨੂੰ ਸਭਿਆਚਾਰਕ ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕੀਤਾ ਹੈ:- "ਈਕੋ-ਅਲੋਚਨਾ ਸਭਿਆਚਾਰ ਅਤੇ ਸਭਿਆਚਾਰਕ ਉਤਪਾਦਾਂ (ਕਲਾ ਕਿਰਤਾਂ, ਲਿਖਤਾਂ, ਵਿਗਿਆਨਕ ਸਿਧਾਂਤ ਆਦਿ) ਦਾ ਅਧਿਐਨ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਕੁਦਰਤੀ ਸੰਸਾਰ ਦੇ ਮਨੁੱਖੀ ਸੰਬੰਧਾਂ ਨਾਲ ਜੁੜਿਆ ਹੋਇਆ ਹੈ।"

ਪੰਜਾਬੀ ਨਾਵਲ ਸਾਹਿਤ ਦੇ ਹੋਰ ਰੂਪਾਂ ਨਾਲੋਂ ਵਧੇਰੇ ਸਮਰੱਥਾ ਨਾਲ ਸਮਾਜ ਦੀ ਸਮੁੱਚੀ ਤਸਵੀਰ ਨੂੰ ਇਕ ਵਿਲੱਖਣ ਗਹਿਰਾਈ ਤੋਂ ਪੇਸ਼ ਕਰਨ ਵਾਲਾ ਰੂਪ ਹੈ। *"ਕੋਸ਼ਗਤ ਅਰਥ ਅਨੁਸਾਰ ਨਾਵਲ(Novel) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦਾ Novella ਸ਼ਬਦ ਹੈ। "Novel" ਸ਼ਬਦ 'ਨਵੇਂ' ਦੇ ਅਰਥਾਂ ਵਜੋਂ ਵਰਤਿਆ ਜਾਂਦਾ ਹੈ।"*[3] ਨਾਵਲ ਆਪਣੇ ਸਮੇਂ ਦੇ ਸਮਾਜਿਕ ਵਾਤਾਵਰਨ ਦਾ ਯਥਾਰਥਕ ਚਿੱਤਰ ਪੇਸ਼ ਕਰਦਾ ਹੈ। ਇਸ ਨੂੰ ਕਾਲਪਨਿਕ ਪਾਤਰਾਂ ਦੀ ਕਥਾ ਕਿਹਾ ਜਾ ਸਕਦਾ ਹੈ ਪਰ ਪਾਤਰਾਂ ਦੇ ਕਾਰਜ, ਵਿਹਾਰ, ਸੰਘਰਸ਼ ਅਤੇ ਉਨ੍ਹਾਂ ਦੇ ਪਰਸਪਰ ਸੰਵਾਦ ਦਾ ਚਿਤਰਨ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੁੰਦਾ ਹੈ, ਕਿ ਇਹ ਪਾਤਰ ਵਾਸਤਵਿਕ, ਜਿਉਂਦੇ-ਜਾਗਦੇ ਪ੍ਰਤੀਤ ਹੁੰਦੇ ਹਨ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ:-

> *"ਨਾਵਲ ਇਕ ਲੰਮੀ ਗੱਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤਰਨ ਨਾਲ ਸਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ।"*[4]

ਸੁਰਿੰਦਰ ਕੁਮਾਰ ਦਵੇਸ਼ਵਰ ਅਨੁਸਾਰ:-

> *"ਨਾਵਲ ਸਾਹਿਤ ਦਾ ਅਜਿਹਾ ਰੂਪ ਹੈ ਜਿਹੜਾ ਕਿਸੇ ਸਮਾਜ ਵਿਚਲੀ ਕਰਮਸ਼ੀਲਤਾ ਅਤੇ ਉਸ ਦੇ ਤਣਾਵਾਂ, ਵਿਤਕਰਿਆਂ, ਵਿਰੋਧਾਂ ਅਤੇ ਅਕਾਂਖਿਆਵਾਂ ਦੇ ਸੁਭਾਅ ਨੂੰ ਬਿਰਤਾਂਤ ਦੀ ਵਿਸਤ੍ਰਿਤ ਅਤੇ ਸ਼ਬਦ-ਸੰਚਾਰੀ ਵੰਨ-ਸੁਵੰਨਤਾ ਦੀਆਂ ਬਹੁ-ਧੁਨੀਆਂ ਵਿਚ ਇਕ ਸਮੁੱਚਤਾ ਦੇ ਪ੍ਰਬੰਧ ਵਿਚ ਸੰਚਾਰਿਤ ਕਰਨ ਦੇ ਸਮਰੱਥ ਹੈ।"*[5]

ਇਸ ਤਰ੍ਹਾਂ ਨਾਵਲ ਆਧੁਨਿਕ ਸਾਹਿਤ ਦੀ ਅਜਿਹੀ ਰੂਪ ਵਿਧਾ ਹੈ ਜਿਹੜੀ ਸਾਰੀਆਂ ਇਤਿਹਾਸਕ ਅਤੇ ਸਮਾਜਿਕ ਸਥਿਤੀਆਂ ਦੇ ਅਰਥਾਂ ਅਤੇ ਮੁੱਲਾਂ ਦੇ ਮਸਲਿਆਂ ਨਾਲ ਸਾਡੇ ਸਾਹਮਣੇ ਸਿੱਧੇ ਤੇ ਖੁੱਲ੍ਹੇ ਰੂਪ ਵਿਚ ਨਿਰੂਪਤ ਹੁੰਦੀ ਹੈ।

ਇੱਕੀਵੀਂ ਸਦੀ ਅਰਥਾਤ 2001 ਵਿਚ ਪ੍ਰਵਾਨ ਚੜ੍ਹੇ ਨਾਵਲੀ ਪ੍ਰਵਚਨ ਦੀਆਂ ਜੜ੍ਹਾਂ ਵੀਹਵੀਂ ਸਦੀ ਦੇ ਆਖ਼ਰੀ ਦੋ ਦਹਾਕਿਆਂ ਤੱਕ ਫੈਲੀਆਂ ਹੋਈਆਂ ਹਨ। ਮੰਡੀ ਅਧਾਰਿਤ ਵਿਕਾਸ ਨੇ ਸਭਿਆਚਾਰ ਅਤੇ ਵਾਤਾਵਰਨ ਨੂੰ ਢਾਅ ਲਾਉਣੀ ਸ਼ੁਰੂ ਕੀਤੀ ਹੋਈ ਹੈ। ਸਮਾਜ ਵਿਚ ਉਦਯੋਗੀਕਰਨ ਦੀ ਪ੍ਰਕਿਰਿਆ ਵੀ ਇਸੇ ਪ੍ਰਭਾਵ ਅਧੀਨ ਗਤੀਸ਼ੀਲ ਹੁੰਦੀ ਹੈ। ਇਸ ਉਦਯੋਗੀਕਰਨ ਦਾ ਮਕਸਦ ਮੁਨਾਫ਼ੇ ਦੀ ਅੰਨ੍ਹੀ ਦੋੜ ਨਾਲ ਜੁੜਿਆ ਹੈ। ਇਸ ਮੁਨਾਫ਼ੇ ਲਈ ਕਾਨੂੰਨੀ ਢੰਗ ਦੀ ਮਦਦ ਦੇ ਨਾਲ ਮਿਥੇ ਹੋਏ ਖੇਤਰ ਵਿਚ ਸਭਿਆਚਾਰਕ ਵਾਤਾਵਰਨ ਦਾ ਘਾਣ ਕੀਤਾ ਜਾ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਇੱਕੀਵੀਂ ਸਦੀ ਵਿਚ ਸਭਿਆਚਾਰ ਅਤੇ

ਵਾਤਾਵਰਨ ਸੰਕਟਾਂ ਦਾ ਮੁੱਦਾ ਗਹਿਨ ਰੂਪ ਧਾਰਨ ਕਰ ਗਿਆ। ਇਸ ਸਮੇਂ ਵਾਤਾਵਰਨ ਪ੍ਰਤਿ ਸੁਚੇਤ ਨਾਵਲਕਾਰਾਂ ਦੇ ਨਾਵਲਾਂ ਵਿਚ ਬਲਬੀਰ ਪਰਵਾਨਾ ਦੇ ਨਾਵਲ *ਗਹਿਰ ਚੜ੍ਹੀ ਅਸਮਾਨ(2010), ਕਥਾ ਇਸ ਯੁੱਗ ਦੀ(2011), ਸੋਅ ਕੇਸ(2020),* ਜਸਵੀਰ ਮੰਡ ਦੇ ਦੋ ਨਾਵਲ *ਖਾਜ(2015)* ਅਤੇ *ਆਖ਼ਰੀ ਬਾਬੇ(2019),* ਜਸਵੀਰ ਸਿੰਘ ਰਾਣਾ ਦਾ ਨਾਵਲ *ਇੱਥੋਂ ਰੇਗਿਸਤਾਨ ਦਿਸਦਾ ਹੈ(2017),* ਜਸਵੰਤ ਸਿੰਘ ਗੱਜਣਮਾਜਰਾ ਦਾ *ਸਵਰਗ ਦੀ ਮੌਤ(2019),* ਆਦਿ ਮਿਲਦੇ ਹਨ। ਇਨ੍ਹਾਂ ਨਾਵਲਾਂ ਵਿਚ ਕੁਦਰਤੀ ਤੱਤਾਂ ਹਵਾ, ਪਾਣੀ, ਰੁੱਖ, ਮਿੱਟੀ, ਮੀਂਹ, ਪਹਾੜ, ਟਿੱਬੇ, ਜੰਗਲ, ਪੰਛੀ, ਜਾਨਵਰ ਅਤੇ ਮਨੁੱਖ ਆਦਿ ਦੀ ਆਪਸੀ ਨਿਰਭਰਤਾ ਅਤੇ ਸਭਿਆਚਾਰਕ ਸਮੱਸਿਆਵਾਂ ਨੂੰ ਸਿਰਜਿਆ ਗਿਆ ਹੈ। ਇਸੇ ਦ੍ਰਿਸ਼ਟੀ ਨਾਲ ਸੰਬੰਧਿਤ ਨਾਵਲਾਂ ਵਿਚ ਪੇਸ਼ ਹੋਏ ਬਸਤੀਵਾਦ, ਹਰੀ ਕ੍ਰਾਂਤੀ ਅਤੇ ਪੂੰਜੀਵਾਦ ਦੇ ਸਮੇਂ ਦੌਰਾਨ ਕੁਦਰਤੀ ਹੋਂਦਾ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਅਤੇ ਜੀਵਨ ਜਾਂਚ ਵਿਚ ਵੀ ਆਏ ਬਦਲਾਵਾਂ ਨੂੰ ਚਿਤਰਿਆ ਗਿਆ ਹੈ। ਇਨ੍ਹਾਂ ਬਦਲਾਵਾਂ ਸਦਕਾ ਪੰਜਾਬੀ ਸਭਿਆਚਾਰ ਸੰਕਟ ਦਾ ਪੈਦਾ ਹੋਣਾ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਨਾਵਲਕਾਰ ਸੰਕਟਾਂ ਨਾਲ ਨਜਿੱਠਣ ਹੇਤੂ ਨਾਵਲਾਂ ਰਾਹੀਂ ਸੁਝਾਅ ਪੇਸ਼ ਕਰਦੇ ਹਨ।

ਪੰਜਾਬੀ ਸਭਿਆਚਾਰ ਵਿਚ ਸੱਥ, ਬੋਹੜ, ਪਿੱਪਲ ਆਦਿ ਰੁੱਖਾਂ ਹੇਠ ਸਾਂਝਾ ਥਾਂ ਪੰਜਾਬੀਆਂ ਦੀ ਏਕਤਾ ਦਾ ਪ੍ਰਤੀਕ ਰਿਹਾ ਹੈ। ਸੱਥ ਵਿਚ ਬੈਠੇ ਬਜ਼ੁਰਗ, ਜਵਾਨ ਅਤੇ ਬੱਚੇ ਗੱਲਾਂ-ਬਾਤਾਂ, ਕਿੱਸੇ-ਕਹਾਣੀਆਂ, ਵਿਭਿੰਨ ਲੋਕ-ਖੇਡਾਂ ਦੇ ਨਾਲ ਆਪਣਾ ਸਮਾਂ ਗੁਜ਼ਾਰਦੇ ਸਨ। ਸੱਥ ਪਿੰਡ ਦੇ ਵਿਭਿੰਨ ਤਰ੍ਹਾਂ ਦੇ ਮਸਲੇ ਹੱਲ ਕਰਨ ਦਾ ਕਚਹਿਰੀ ਘਰ ਹੁੰਦਾ ਹੈ। ਇਸੇ ਤਰ੍ਹਾਂ ਦੀ ਸੱਥ ਦਾ ਜ਼ਿਕਰ ਬਲਬੀਰ ਪਰਵਾਨਾ ਦੇ ਨਾਵਲ *ਗਹਿਰ ਚੜ੍ਹੀ ਅਸਮਾਨ* ਵਿਚ ਦਿਖਾਈ ਦਿੰਦਾ ਹੈ। ਗਰਮੀਆਂ ਦੀ ਰੁੱਤ ਵਿਚ ਪਿੱਪਲ, ਬੋਹੜ, ਜਾਮਣਾਂ, ਅੰਬਾਂ, ਟਾਹਲੀਆਂ, ਡੇਕਾਂ, ਤੂਤਾਂ ਦੇ ਰੁੱਖਾਂ ਦੀ ਇੱਕਜੁੱਟਤਾ ਅਰਥਾਤ ਵਾਤਾਵਰਨ ਤੱਤਾਂ ਦਾ ਸੰਬੰਧ ਸਿੱਧੇ ਰੂਪ ਵਿਚ ਸੱਥ ਨਾਲ ਜਾ ਜੁੜਦਾ ਹੈ। ਸਰਦੀਆਂ ਸਮੇਂ ਇਨ੍ਹਾਂ ਰੁੱਖਾਂ ਦੇ ਸੁੱਕੇ ਬਾਲਣ ਨੂੰ ਨਿੱਘ ਪ੍ਰਾਪਤ ਕਰਨ ਲਈ ਅੱਗ ਦਾ ਰੂਪ ਦਿੱਤਾ ਜਾਂਦਾ ਸੀ। ਸਪਸ਼ਟ ਰੂਪ ਵਿਚ ਕਿਹਾ ਜਾਂ ਸਕਦਾ ਹੈ ਸੱਥ ਦਾ ਜਨਮ-ਮਰਨ ਰੁੱਖਾਂ ਨਾਲ ਹੁੰਦਾ ਹੈ। ਇਸ ਸ਼ਾਂਤੀ ਭਰਪੂਰ ਥਾਂ ਵਿਚ ਸੁਣਾਏ ਜਾਂਦੇ ਕਿੱਸੇ-ਕਹਾਣੀਆਂ ਵਿਚ ਕਿਸੇ ਵੀ ਸ਼ੋਰ-ਸ਼ਰਾਬੇ ਦੀ ਰੁਕਾਵਟ ਨਹੀਂ ਸੀ। ਨਾਵਲ ਵਿਚ ਰਾਵਲ ਨਾਂ ਦੇ ਪਾਤਰ ਦੁਆਰਾ ਸੱਥ ਵਿਚ ਕਿੱਸੇ ਸੁਣਾਏ ਜਾਂਦੇ ਸਨ, ਅੱਜ ਉਹ ਹੀਰ ਪੜ੍ਹ ਰਿਹਾ ਸੀ:-

*"…. ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,*

*ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ ਵੇ।*

*ਮੈਨੂੰ ਰੱਖ ਲੈ ਅੱਜ ਦੀ ਰਾਤ ਬਾਬਲ ….."*[6]

ਅਜੋਕੇ ਦੌਰ ਵਿਚ ਨਿੱਜੀ ਮੁਨਾਫ਼ਿਆਂ ਲਈ ਇਨ੍ਹਾਂ ਰੁੱਖਾਂ ਦਾ ਸਫ਼ਾਇਆ ਕੀਤਾ ਜਾ ਰਿਹਾ ਹੈ ਜਿਸ ਨਾਲ ਪੰਜਾਬੀ ਸਭਿਆਚਾਰ ਅੰਗ ਸੱਥ ਅਤੇ ਇਸ ਨਾਲ ਸੰਬੰਧਿਤ ਪੰਜਾਬੀ ਭਾਈਚਾਰਾ, ਖੇਡਾਂ, ਕਿੱਸੇ-ਕਹਾਣੀਆਂ ਦਾ ਵੀ ਸਫ਼ਾਇਆ ਹੋ ਗਿਆ ਹੈ। ਨਾਵਲ ਵਿਚ ਇਸ ਤਰ੍ਹਾਂ ਦੀ ਪੇਸ਼ਕਾਰੀ ਰਾਜਨੀਤਿਕ ਅਤੇ ਠੇਕੇਦਾਰੀ ਸਿਸਟਮ ਅਧੀਨ ਦਿਖਾਈ ਦਿੰਦੀ ਹੈ ਜਦੋਂ ਸੱਥ ਦੇ ਜਨਮਦਾਤੇ, ਰੁੱਖਾਂ ਦੀ ਕਟਾਈ ਸ਼ੁਰੂ ਹੁੰਦੀ ਹੈ। ਰਾਵਲ, ਚੰਦ ਲੰਬੜ, ਜਗਤਾ ਆਦਿ ਪਿੰਡ ਦੇ ਲੋਕ ਰੁੱਖਾਂ ਨੂੰ ਬਚਾਉਣ ਲਈ ਅੱਗੇ ਆਉਂਦੇ ਹਨ ਤਾਂ ਸਾਰੀ ਗੱਲ ਠੇਕੇਦਾਰ ਤੇ ਜਾ ਖੜਦੀ ਹੈ, *"ਠੀਕ ਐ ਜੀ … ਹੁਣ ਤਾਂ ਅਸੀਂ ਇਹ ਨਈਂ ਵੱਢਦੇ, ਅਗਾਂਹ ਛੱਪੜ ਕੋਲ ਟੱਕ ਜਾ ਧਰਦੇ ਹਾਂ। ਪਰ ਦੁਪਿਹਰਾਂ ਨੂੰ ਠੇਕੇਦਾਰ ਨੇ ਆਉਣਾ, ਤੁਸੀਂ ਉਦੋਂ ਉਸ ਨਾਲ ਗੱਲ ਜ਼ਰੂਰ ਕਰ ਲੈਣੀ।"*[7] ਇਸ ਤਰ੍ਹਾਂ ਇਥੇ ਲੋਕ ਸਿਰਫ ਰੁੱਖਾਂ ਨੂੰ ਬਚਾਉਣ ਲਈ ਹੀ ਨਹੀਂ ਲੜਦੇ ਬਲਕਿ ਸੱਥ ਨੂੰ ਬਚਾਉਣ ਲਈ ਵੀ ਲੜਦੇ ਹਨ। ਕਾਮਰੇਡ ਗੁਰਮੇਲ ਇਹ ਗੱਲ ਸਮਝਦਾ ਹੈ ਕਿ ਸੱਥ ਦਾ ਸੰਬੰਧ ਰੁੱਖਾਂ ਨਾਲ ਹੈ ਉਹ ਸੱਥ ਦੇ ਰੁੱਖਾਂ ਨੂੰ ਵੱਢਣ ਵੱਲ ਹੁੰਗਾਰਾ ਭਰਦਾ ਹੈ ਇਉਂਕਿ ਉਹ ਸਮਝਦਾ ਹੈ ਕਿ ਲੋਕ ਸੱਥ ਵਿਚ ਵਿਹਲੇ ਬੈਠ ਕੇ ਸਮਾਂ ਬਰਬਾਦ ਕਰਦੇ ਹਨ ਇਸ ਲਈ ਰੁੱਖ ਵੱਡ ਦੇਣੇ ਚਾਹਿਦੇ ਹਨ।

ਭੌਤਿਕ ਵਾਤਾਵਰਨ ਦੇ ਪ੍ਰਭਾਵ ਕਾਰਨ ਹੀ ਕਿਸੇ ਖੇਤਰ ਵਿਸ਼ੇਸ਼ ਦਾ ਕਿੱਤਾ ਨਿਰਧਾਰਿਤ ਹੁੰਦਾ ਹੈ। ਭੌਤਿਕ ਵਾਤਾਵਰਨ ਸਮਾਜ ਨੂੰ ਜਿਵੇਂ ਦੀਆਂ ਸਹੂਲਤਾਂ ਦਿੰਦਾ ਹੈ ਉੱਥੋਂ ਦੇ ਲੋਕ ਉਹਨਾਂ ਸਹੂਲਤਾਂ ਉਪਰ ਅਧਾਰਿਤ ਹੀ ਆਪਣੇ ਕਾਰਜਾਂ ਨੂੰ ਆਰੰਭ ਕਰਦੇ ਹਨ। ਪੰਜ ਪਾਣੀਆਂ ਦੀ ਧਰਤੀ ਹੋਣ ਸਦਕਾ ਅਤੇ ਉਪਜਾਊ ਜ਼ਮੀਨ ਦੀ ਭਰਮਾਰ ਕਰਕੇ ਪੰਜਾਬੀ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਰਿਹਾ ਹੈ ਅਤੇ ਖੇਤੀ ਦੇ ਬਹੁਤ ਸਾਰੇ ਕੰਮਾਂ ਵਿਚ ਸਹਿਯੋਗੀ ਪਾਲਤੂ ਜਾਨਵਰਾਂ ਦੀ ਲੋੜ ਕਾਰਨ ਪਸ਼ੂ-ਪਾਲਣ ਆਰੰਭ ਹੋਇਆ। ਵਾਤਾਵਰਨਿਕ ਤੱਤਾਂ ਦੀ ਵਧੇਰੇ ਮਾਤਰਾ ਕਰਕੇ ਪੰਜਾਬੀ ਕਿਸਾਨਾਂ ਵਿਚ ਆਪਸੀ ਭਾਈਚਾਰਾ ਸਦਾ ਸਿਖਰ ਛੂੰਹਦਾ ਰਿਹਾ। ਬਲਬੀਰ ਪਰਵਾਨਾ ਨੇ ਆਪਣੇ ਨਾਵਲ *ਗਹਿਰ ਚੜ੍ਹੀ ਅਸਮਾਨ* ਵਿੱਚ ਦਿਆਲ ਸਿੰਘ ਅਤੇ ਕਰਮ ਸਿੰਘ ਆਦਿ ਪਾਤਰਾਂ ਦੇ ਵਾਰਤਾਲਾਪ ਰਾਹੀਂ ਦਰਸਾਉਂਦੇ ਹੋਏ ਸਮਾਜ-ਸਭਿਆਚਾਰਕ ਭਾਈਚਾਰੇ ਦੇ ਸੰਕਲਪ ਨੂੰ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਪਾਣੀ ਦੀ ਵਿਸ਼ਾਲ ਮਾਤਰਾ ਹੋਣ ਸਦਕਾ ਆਪਸੀ ਭਾਈਚਾਰਾ ਰੱਖਣ ਵਿੱਚ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ ਅਤੇ ਲੋੜ ਪੈਣ ਉੱਤੇ ਉਹ ਇਕ ਦੂਜੇ ਨਾਲ ਖੜ੍ਹੇ ਨਜ਼ਰ ਆਉਂਦੇ ਸਨ। ਪਾਣੀ ਵਾਲਾ ਖਾਲ਼ ਸਦਾ ਭਰਿਆ ਵਗਦਾ ਰਹਿੰਦਾ ਸੀ, ਜੋ ਖੇਤੀ ਲਈ ਬਹੁਤ ਹੀ ਲਾਹੇਵੰਦ ਸਿੱਧ ਹੁੰਦਾ। ਨਾਵਲ ਵਿੱਚ :-

*"ਤਾਂ ਫਿਰ ਜੇ ਤੁਹਾਡਾ ਕਿਆਰਾ ਭਰ ਗਿਆ ਹੋਇਆ ਤਾਂ ਪਿੱਛਿਓਂ ਬਾਘ ਬੱਚੇ ਤੋਂ ਬੰਨ੍ਹ ਨਾ ਤੋੜੀ… ਅਗਾਂਹ ਨਾਲੇ 'ਚ ਹੀ ਛੱਡ ਦੇਵੀਂ। ਅਸੀਂ ਚਰੀ ਨੂੰ*

*ਬੰਨ੍ਹ ਲਵਾਂਗੇ।"*

*"ਮੈਂ ਤਾਂ ਛੱਡ ਦਿਨਾਂ ਭਾਅ, ਪਰ ਇਹ ਨਾ ਹੋਵੇ ਕਿ ਅੱਗਿਓਂ ਤੁਸੀਂ ਜਾ ਕੇ ਬੰਨ੍ਹੋ ਨਾ ਤੇ ਪਾਣੀ ਲੋਕਾਂ ਦੇ ਵਾਹਣ ਭਿਉਂਦਾ ਫਿਰੇ!"*[8]

ਸਮੇਂ ਦੇ ਬਦਲਾਅ ਨਾਲ ਕੁਦਰਤੀ ਤੱਤਾਂ ਦੀ ਘਾਟ ਕਰਕੇ ਆਪਸੀ ਸਭਿਆਚਾਰਕ ਭਾਈਚਾਰੇ ਵਿਚ ਦਰਾਰ ਸਾਹਮਣੇ ਆਉਂਦੀ ਹੈ। ਇਹ ਸਮਾਜਿਕ ਭਾਈਚਾਰਾ ਉਦੋਂ ਟੁੱਟਦਾ ਦਿਖਾਈ ਦਿੰਦਾ ਹੈ ਜਦੋਂ ਕੁਦਰਤੀ ਤੱਤ ਪਾਣੀ ਦੀ ਘਾਟ ਪੈਦਾ ਹੁੰਦੀ ਹੈ। ਉਸ ਸਮੇਂ ਪੰਜਾਬੀ ਸਭਿਆਚਾਰ ਵਿਚ ਵਿਲੱਖਣ ਭਾਈਚਾਰਾ ਇਕ-ਦੂਜੇ ਦੀ ਜਾਨ ਦਾ ਦੁਸ਼ਮਣ ਜਾਪਦਾ ਹੈ। ਵਾਤਾਵਰਨ ਤੱਤਾਂ ਦੀ ਕਮੀ ਕਾਰਨ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਪ੍ਰਮੁੱਖ ਕਿੱਤੇ ਬਦਲ ਗਏ ਹਨ। ਫ਼ਸਲੀ ਵਿਭਿੰਨਤਾ ਵਾਤਾਵਰਨ ਵਿਚ ਸੰਤੁਲਨ ਬਣਾਈ ਰੱਖਣ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੀ ਹੈ। ਝੋਨੇ ਦੀ ਫ਼ਸਲ ਦੀ ਬਹੁਤਾਤ ਕਰਕੇ ਫ਼ਸਲੀ ਵਿਭਿੰਨਤਾ ਅਰਥਾਤ ਖੇਤੀ ਦੇ ਧੰਦੇ ਵਿਚ ਵੰਨ-ਸੁਵੰਨਤਾ ਘਟਦੀ ਜਾ ਰਹੀ ਹੈ। ਬਲਦੇਵ ਸਿੰਘ ਆਪਣੇ ਨਾਵਲ 'ਖਾਕੂ ਜੇਡੁ ਨ ਕੋਇ' ਵਿਚ ਉਨ੍ਹਾਂ ਦੇ ਪਾਤਰ ਪੰਜਾਬ ਦੇ ਇਸ ਸਭਿਆਚਾਰਕ ਕਿੱਤੇ ਤੋਂ ਕਿਨਾਰਾ ਕਰਦੇ ਦਿਖਾਈ ਦਿੰਦੇ ਹਨ, *"10 ਫ਼ੀਸਦੀ ਲੋਕ ਅਜਿਹੇ ਹਨ, ਜੋ ਖੇਤੀ ਤੋਂ ਬਿਨਾ ਹੋਰ ਧੰਦਿਆਂ ਵਿਚ ਪੈ ਗਏ ਹਨ।"*[9]

ਸਭਿਆਚਾਰਕ ਕਿੱਤਿਆਂ ਲਈ ਪਸ਼ੂ ਪਾਲਣ ਵਿਚ ਬਲਦਾਂ, ਭੇਡਾਂ ਬੱਕਰੀਆਂ, ਮੱਝਾਂ, ਗਾਵਾਂ, ਘੋੜਿਆਂ ਆਦਿ ਨੂੰ ਪਾਲਿਆ ਜਾਂਦਾ ਰਿਹਾ ਹੈ। ਇਨ੍ਹਾਂ ਜਾਨਵਰਾਂ ਤੋਂ ਪੰਜਾਬੀ ਸਭਿਆਚਾਰਕ ਨਾਲ ਸੰਬੰਧਿਤ ਖਾਣੇ ਦੁੱਧ, ਦਹੀਂ, ਘਿਉ, ਮੱਖਣ, ਮਾਸ ਅਤੇ ਇਨ੍ਹਾਂ ਤੋਂ ਬਣੇ ਹੋਰ ਪਦਾਰਥ ਪ੍ਰਾਪਤ ਕੀਤੇ ਜਾਂਦੇ ਸਨ। ਇਹਨਾਂ ਪਾਲਤੂ ਜਾਨਵਰਾਂ ਦੀ ਅਣਹੋਂਦ ਕਾਰਨ ਇਹ ਸਭਿਆਚਾਰਕ ਸੁੱਧ ਖਾਣੇ ਨਵੀਂ ਪੀੜੀ ਨੂੰ ਨਸੀਬ ਨਹੀਂ ਹੁੰਦੇ। ਇਸ ਗੱਲ ਤੋਂ ਵਧੇਰੇ ਸਮਾਜ ਜਾਣੂ ਹੈ ਕਿ ਈਸਈਅਤ ਦੇ ਮੋਢੀ ਈਸ਼ਾ ਮਸੀਹ ਨੇ ਭੇਡਾਂ ਚਾਰੀਆਂ, ਮੁਹੰਮਦ ਨੇ ਬੱਕਰੀਆਂ, ਸ਼੍ਰੀ ਕ੍ਰਿਸ਼ਨ ਨੇ ਗਾਵਾਂ ਅਤੇ ਗੁਰੂ ਨਾਨਕ ਦੇਵ ਜੀ ਨੇ ਮੱਝਾਂ, ਪਰ ਇਹ ਤ੍ਰਾਸਦੀ ਭਿਆਨਕ ਰੂਪ ਅਖ਼ਤਿਆਰ ਕਰਦੀ ਜਾ ਰਹੀ ਹੈ ਕਿ ਪੰਜਾਬੀ ਸਭਿਆਚਾਰ ਦੇ ਇਹ ਪਰੰਪਰਾਗਤ ਪਸ਼ੂਆਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ। ਜਸਵੀਰ ਮੰਡ ਆਪਣੇ ਨਾਵਲ *ਖਾਜ* ਵਿਚ ਬੱਕਰੀਆਂ ਦੀ ਲੁਪਤ ਹੁੰਦੀ ਪ੍ਰਜਾਤੀ ਵੱਲ ਇਸ਼ਾਰਾ ਕਰਦਾ ਹੈ:-

*"ਨੇੜੇ ਕਿਸੇ ਦੇ ਘਰ ਬੱਕਰੀ ਰੰਭੀ" ਕਦੇ ਇਹ ਆਵਾਜ਼ ਆਮ ਲਗਦੀ ਸੀ। ਇਹ ਪੁੱਛਣਾ ਵੀ ਔਖਾ ਲੱਗਿਆ, ਕਿਨ੍ਹਾਂ ਦਾ ਘਰ ਏ ਇਹ।"*[10]

ਪੂੰਜੀਵਾਦੀ ਯੁੱਗ ਦੀ ਆਮਦ ਸਦਕਾ ਪੰਜਾਬੀ ਸਭਿਆਚਾਰਕ ਕਿੱਤਿਆਂ ਦੇ ਵਿਚ ਪਰਿਵਰਤਨ ਆ ਰਹੇ ਹਨ। ਖੇਤੀਬਾੜੀ ਵਿਚ ਸਹਾਇਤਾ ਕਰਦੇ ਬਲਦਾਂ ਦੀ ਥਾਂ ਟਰੈਕਟਰਾਂ ਨੇ ਖੋਹ ਲਈ ਹੈ। ਜਾਨਵਰਾਂ ਨਾਲ ਕੀਤਾ ਜਾਣ ਵਾਲਾ ਮੋਹ-ਪਿਆਰ ਹੁਣ ਮਸ਼ੀਨੀ ਯੰਤਰਾਂ ਕਰਕੇ ਗੁਆਚ ਗਿਆ ਹੈ। ਜਾਨਵਰਾਂ ਦੇ ਮੱਲ ਤੋਂ ਤਿਆਰ ਖਾਦ ਦੀ ਵਰਤੋਂ ਦੀ ਥਾਂ ਰਸਾਇਣਿਕ ਕੀਟਨਾਸ਼ਕ ਦਵਾਈਆਂ ਆ ਗਈਆਂ ਹਨ ਜਿਸ ਕਰਕੇ ਪਸ਼ੂ-ਪਾਲਣ ਖ਼ਤਮ ਹੁੰਦਾ ਜਾ ਰਿਹਾ ਹੈ। ਘਰੇਲੂ ਖਾਦ ਦੀ ਥਾਂ ਰਸਾਇਣਾਂ ਖਾਦਾਂ ਦਾ ਪ੍ਰਯੋਗ ਕਰਨ ਕਰਕੇ ਬਲਦ, ਭੇਡਾਂ ਬੱਕਰੀਆਂ, ਗਾਵਾਂ, ਮੱਝਾਂ ਲੁਪਤ ਹੋ ਗਈਆਂ ਹਨ। ਵਾਤਾਵਰਨ ਦੇ ਇਹ ਤੱਤ ਅਤੇ ਪੰਜਾਬੀ ਸਭਿਆਚਾਰ ਵਿਚ ਅੰਤਰਸੰਬੰਧਤਾ ਸਪਸ਼ਟ ਦਿਖਾਈ ਦਿੰਦੀ ਹੈ। ਇਨ੍ਹਾਂ ਵਾਤਾਵਰਨ ਤੱਤਾਂ ਦੇ ਖ਼ਤਮ ਹੋਣ ਨਾਲ ਪੰਜਾਬੀ ਸਭਿਆਚਾਰ ਦੇ ਕਿੱਤੇ ਵੀ ਖ਼ਤਮ ਹੋ ਗਏ ਹਨ। ਪੰਜਾਬੀ ਸਭਿਆਚਾਰ ਵਿਚ ਕੁਝ ਲੋਕ ਸ਼ਿਕਾਰ ਵੀ ਕਰਦੇ ਰਹੇ ਸਨ। ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਸ਼ਿਕਾਰੀਆਂ ਦਾ ਜੀਵਨ-ਢੰਗ ਦ੍ਰਿਸ਼ਟੀਗੋਚਰ ਹੁੰਦਾ ਹੈ। ਕਿਉਂਕਿ ਸ਼ਿਕਾਰੀ ਆਪਣੇ ਆਲੇ-ਦੁਆਲੇ ਦੇ ਭੌਤਿਕ ਵਾਤਾਵਰਨ ਚੋਂ ਮਿਲਦੇ ਜਾਨਵਰਾਂ ਦਾ ਹੀ ਸ਼ਿਕਾਰ ਕਰਦਾ ਹੈ ਇਨ੍ਹਾਂ ਸ਼ਿਕਾਰੀਆ ਦੁਆਰਾ ਸਭਿਆਚਾਰਕ ਔਜ਼ਾਰ ਬਾਲੇ, ਡਾਂਗਾਂ ਦੀ ਵਰਤੋਂ ਕੀਤੀ ਜਾਂਦੀ। ਪੂੰਜੀਵਾਦ ਦੀ ਨਿੱਜੀ ਹੋੜ ਨੇ ਸਭਿਆਚਾਰਕ ਕਿੱਤੇ ਅਤੇ ਔਜ਼ਾਰਾਂ ਆਪਣੇ ਔਜ਼ਾਰਾਂ ਦੀ ਛੱਤਰੀ ਥੱਲੇ ਦੱਬ ਲਿਆ ਹੈ। ਝਾੜ-ਜੰਗਲਾਂ ਦੀ ਅੰਧਾ-ਧੁੰਦ ਘਟਾਈ ਕਰਕੇ ਸ਼ਿਕਾਰੀਆਂ ਦੇ ਇਹ ਕਿਤੇ ਵੀ ਖ਼ਤਮ ਹੋ ਜਾਂਦੇ ਸਨ।

ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਖ਼ੁਸ਼ੀ ਜਾਂ ਯਾਦਗਾਰੀ ਦਿਨ ਮਨਾਉਣ ਲਈ ਲੋਕਾਂ ਦੇ ਇਕੱਠ ਭਰਦੇ, ਮੇਲੇ ਲਗਦੇ ਅਤੇ ਆਪਸੀ ਮੇਲ-ਮਿਲਾਪ ਹੁੰਦੇ ਸਨ। ਇਨ੍ਹਾਂ ਮੇਲਿਆਂ ਉੱਤੇ ਖ਼ੁਸ਼ੀਆਂ-ਭਰਪੂਰ ਬਹੁਤ ਸਾਰੇ ਸਭਿਆਚਾਰਕ ਕਾਰਜ ਕੀਤੇ ਜਾਂਦੇ ਅਤੇ ਇਸਦੇ ਫਲਸਰੂਪ ਵਾਤਾਵਰਨ ਦੀ ਸ਼ੁੱਧਤਾ ਕਾਰਨ ਇਹਨਾਂ ਮੇਲਿਆਂ ਦਾ ਵੱਧ ਤੋਂ ਵੱਧ ਮੁੱਲ ਪੈਂਦਾਂ। ਬਲਬੀਰ ਪਰਵਾਨਾ ਦੇ ਨਾਵਲ *ਸੋਅ ਰੂਮ* ਵਿਚ ਸੁੱਧ ਵਾਤਾਵਰਨ ਅਤੇ ਪ੍ਰਦੂਸ਼ਿਤ ਵਾਤਾਵਰਨ ਪੰਜਾਬੀ ਸਭਿਆਚਾਰਕ ਮੇਲਿਆਂ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਪਿੰਡ ਵਿਚ ਸ਼ਹੀਦ ਦੀ ਸਮਾਧ ਤੇ ਲਗਦਾ ਮੇਲਾ ਬੱਚਿਆਂ, ਔਰਤਾਂ ਅਤੇ ਮਰਦਾਂ ਲਈ ਖ਼ੁਸ਼ੀਆਂ ਲੈ ਕੇ ਆਉਂਦਾ। ਇਨ੍ਹਾਂ ਖ਼ੁਸ਼ੀਆਂ ਦਾ ਇਜ਼ਹਾਰ ਔਰਤਾਂ ਵੱਲੋਂ ਲੋਕ ਗੀਤਾਂ ਦੀਆ ਧੁਨਾਂ ਨਾਲ ਕੀਤਾ ਜਾਂਦਾ ਹੈ। ਪਿੰਡ ਦੀਆਂ ਸਾਰੀਆਂ ਔਰਤਾਂ ਇਕੱਠੇ ਹੋ ਕੇ ਸਮਾਧ ਵਾਲੇ ਮੇਲੇ ਤੱਕ ਲੋਕ-ਗੀਤ ਗਾਉਂਦੀਆਂ ਜਾਂਦੀਆਂ ਸਨ। ਸਮੇਂ ਦੇ ਬਦਲਾਅ ਕਾਰਨ ਪਿੰਡ ਵਿਚ ਸਮਾਧ ਕੋਲ ਲੱਗੀ ਕਰੈਸ਼ਰ ਸਟੋਨ ਫ਼ੈਕਟਰੀ ਦੀ ਧੂੜ ਅਤੇ ਉੱਚੀ ਆਵਾਜ਼ ਕਾਰਨ ਪੰਜਾਬੀ ਸਭਿਆਚਾਰਕ ਮੇਲਾ ਖ਼ਤਮ ਹੋਣਾ ਸ਼ੁਰੂ ਹੋਇਆ। ਔਰਤਾਂ ਦੁਆਰਾ ਗਾਏ ਜਾਂਦੇ ਲੋਕਗੀਤਾਂ ਦੀ ਆਵਾਜ਼ ਫ਼ੈਕਟਰੀ ਦੀਆਂ ਸੋਰ ਭਰੀਆਂ ਮਸ਼ੀਨਾਂ ਦੀ ਆਵਾਜ਼ ਹੇਠ ਦੱਬ ਕੇ ਰਹਿ ਜਾਂਦੀ। ਸਮੇਂ ਦੇ ਨਾਲ ਪਿੰਡ ਵਿਚ ਵਧਦੇ ਵਾਤਾਵਰਨ ਪ੍ਰਦੂਸ਼ਣ ਕਾਰਨ ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ ਸਮਾਧ

ਅਤੇ ਮੇਲੇ ਅਲੋਪ ਹੋ ਰਹੇ ਹਨ। ਇਸ ਤਰ੍ਹਾਂ ਵਾਤਾਵਰਨਿਕ ਪਰਿਵਰਤਨ ਦਾ ਸਿੱਧਾ ਸੰਬੰਧ ਸਭਿਆਚਾਰਕ ਮੁਹਾਂਦਰੇ ਦੇ ਬਦਲਾਅ ਦਾ ਕਾਰਨ ਬਣਦਾ ਹੈ। ਸਭਿਆਚਾਰ ਅਤੇ ਕੁਦਰਤ ਦੇ ਵੱਖ ਹੋਣ ਕਰਕੇ ਹੀ ਵਾਤਾਵਰਨ ਸੰਕਟ ਪੈਦਾ ਹੁੰਦਾ ਹੈ। ਸਭਿਆਚਾਰਕ ਵਿਆਹ ਸੰਬੰਧੀ ਰਸਮਾਂ ਵੀ ਅਲੋਪ ਹੁੰਦੀਆਂ ਜਾ ਰਹੀਆਂ ਹਨ। ਸਭਿਆਚਾਰਕ ਰੀਤਾਂ-ਰਸਮਾਂ ਵਾਤਾਵਰਨ ਉਪਰ ਨਿਰਭਰ ਜਾਪਦੀਆਂ ਸਨ ਜਾ ਇਹ ਕਹਿ ਲਿਆ ਜਾਵੇ ਕਿ ਵਾਤਾਵਰਨ ਦੇ ਬਹੁਤੇ ਤੱਤਾਂ ਦੀ ਸਾਂਭ-ਸੰਭਾਲ ਸਭਿਆਚਾਰਕ ਰੀਤਾਂ-ਰਸਮਾਂ ਕਰਕੇ ਹੁੰਦੀ ਹੈ ਕਿਉਂਕਿ ਵਾਤਾਵਰਨ ਦੇ ਕੁੱਝ ਤੱਤਾਂ ਬਿਨਾਂ ਇਹ ਸਭ ਰਸਮਾਂ ਧੁੰਦਲੀਆਂ ਨਜ਼ਰ ਆਉਂਦੀਆਂ ਹਨ। *ਇੱਥੋਂ ਰੇਗਿਸਤਾਨ ਦਿਸਦਾ ਹੈ* ਨਾਵਲ ਵਿਚ ਇਸੇ ਤਰ੍ਹਾਂ ਦੇ ਕੁੱਝ ਦ੍ਰਿਸ਼ਾਂ ਨੂੰ ਪੇਸ਼ ਕੀਤਾ ਗਿਆ ਹੈ। ਇਹ ਨਾਵਲ ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਵਾਤਾਵਰਨ ਦੇ ਵਰਤਮਾਨ ਸੰਕਟਾਂ ਅਤੇ ਭਵਿੱਖੀ ਸਥਿਤੀ ਨੂੰ ਦਰਸਾਉਂਦਾ ਹੈ।

ਪਾਣੀ ਅਤੇ ਰੁੱਖਾਂ ਤੋਂ ਬਿਨਾਂ ਸਭਿਆਚਾਰਕ ਸੰਬੰਧਿਤ ਵਿਆਹ ਸੰਬੰਧੀ ਪਾਣੀ ਪੀਣ ਦੀ ਰਸਮ ਅਤੇ ਮੌਤ ਸੰਬੰਧੀ ਅੰਤਿਮ ਇਸ਼ਨਾਨ ਤੋਂ ਬਿਨਾ ਅੰਤਿਮ ਸੰਸਕਾਰ ਦੇ ਚਿੱਤਰਾਂ ਨੂੰ ਸਪਸ਼ਟ ਰੂਪ ਵਿਚ ਦਰਸਾਇਆ ਹੈ। ਸਭਿਆਚਾਰਕ ਸੰਕਟਾਂ ਦੇ ਭਵਿੱਖ ਨੂੰ ਇਕ ਸੁਪਨੇ ਦੇ ਰੂਪ ਆਉਣ ਵਾਲੇ ਵਾਸਤਵਿਕ ਸਮੇਂ ਨੂੰ ਬਿਆਨ ਕੀਤਾ ਹੈ। ਸੱਸ ਦੁਆਰਾ ਜੋੜੀ ਉੱਪਰ ਦੀ ਪਾਣੀ ਵਾਰਨ ਦੀ ਰਸਮ ਸਮੇਂ ਦੀ ਪਾਣੀ ਦੀ ਅਣਹੋਂਦ ਕਾਰਨ ਇਹ ਸਭਿਆਚਾਰਕ ਰਸਮ ਇਕ ਦਿਖਾਵਾ ਮਾਤਰ ਰਹਿ ਜਾਂਦੀ ਹੈ। ਸੱਸ ਗੜਵੀ ਵਿਚਲੇ ਪਾਣੀ ਬਾਰੇ ਕੁੜੀਆਂ ਦੇ ਝੁੰਡ ਨੂੰ ਪੁੱਛਦੀ ਹੈ,

*"ਨੀ ਗੜਵੀ ਵਿਚਲਾ ਪਾਣੀ ਕਿੱਧਰ ਗਿਆ ...!"*

*"ਪਿੰਡ ਦਾ ਕੋਈ ਟੂਟੀ ਨਲਕਾ ਪਾਣੀ ਨੀ ਚੱਕਦਾ ਚਾਚੀ!... ਤੂੰ ਪਾਣੀ ਪੀਣ ਦੀ ਐਕਟਿੰਗ ਕਰ ਲੈ ਬੱਸ ....!"*[1]

ਇਸ ਤਰ੍ਹਾਂ ਪੰਜਾਬੀ ਸਭਿਆਚਾਰ ਦੀਆਂ ਵਿਭਿੰਨ ਰਸਮਾਂ ਵਾਤਾਵਰਨ ਕੁਦਰਤੀ ਤੱਤਾਂ ਦੀ ਕਮੀ ਕਾਰਨ ਅਲੋਪ ਹੁੰਦੀਆਂ ਜਾ ਰਹੀਆਂ ਹਨ। ਚਿੱਠੀਆਂ ਪੰਜਾਬੀ ਸਭਿਆਚਾਰ ਦਾ ਹਿੱਸਾ ਰਹੀਆਂ ਹਨ ਅਤੇ ਇਨ੍ਹਾਂ ਚਿੱਠੀਆਂ ਰਾਹੀਂ ਸੁਨੇਹਾ ਪਹੁੰਚਾਉਣ ਲਈ ਵਾਤਾਵਰਨ ਵਿਚੋਂ ਕਬੂਤਰਾਂ ਨੂੰ ਪਾਲਿਆ ਜਾਂਦਾ ਸੀ। ਅਜੋਕੇ ਸਮੇਂ ਵਿਚ ਇਨ੍ਹਾਂ ਚਿੱਠੀਆਂ ਦੀ ਥਾਂ ਮੋਬਾਇਲ ਫੋਨਾਂ ਨੇ ਲੈ ਲਈ ਹੈ। ਹੁਸਨਵੀਰ ਅਤੇ ਨੀਤੀ ਵਗਦੇ ਪਾਤਰ ਅੱਜ ਵੀ ਪੰਜਾਬੀ ਸਭਿਆਚਾਰ ਨੂੰ ਬਚਾਉਣ ਦੇ ਯਤਨ ਕਰ ਰਹੇ ਸਨ। ਇਸ ਤੋਂ ਇਲਾਵਾ ਪੰਜਾਬੀ ਨਾਵਲ ਵਿਚ ਪੰਜਾਬੀ ਸਭਿਆਚਾਰ ਦੇ ਬਹੁਤ ਸਾਰੇ ਬਦਲਦੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਪੱਖ ਵਾਤਾਵਰਨ ਦੇ ਬਦਲਦੇ ਤੱਤਾਂ ਤੇ ਵੀ ਨਿਰਭਰ ਹਨ, ਜਿਨ੍ਹਾਂ ਨੂੰ ਇਕੋਕ੍ਰਿਟੀਸਿਜ਼ਮ ਅਧਿਐਨ ਵਿਧੀ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਸਪਸ਼ਟ ਰੂਪ ਵਿਚ ਨਾਵਲਾਂ ਵਿਚ ਵਾਤਾਵਰਨ ਤੱਤਾਂ ਅਤੇ ਸਭਿਆਚਾਰਕ ਅੰਗਾਂ ਦੀ ਆਪਸੀ ਨਿਰਭਰਤਾ ਨੂੰ ਪੇਸ਼ ਕੀਤਾ ਗਿਆ ਹੈ ਅਤੇ ਵਾਤਾਵਰਨ ਤੱਤਾਂ ਦੀ ਅਣਹੋਂਦ ਵਿਚ ਬਦਲਦੇ ਸਭਿਆਚਾਰਕ ਅੰਗ ਕਿੱਤੇ, ਪਹਿਰਾਵਾ, ਖਾਣ-ਪੀਣ, ਰਿਹਾਇਸ਼, ਸਾਜੋ-ਸਮਾਨ, ਹਾਰ-ਸ਼ਿੰਗਾਰ, ਸਮਾਜ ਪ੍ਰਬੰਧ, ਰਿਸ਼ਤੇ ਨਾਤੇ, ਵਿਆਹ ਰਸਮਾਂ, ਭਾਸ਼ਾ, ਲੋਕ ਕਲਾਵਾਂ, ਲੋਕ ਗੀਤ, ਕਦਰਾਂ ਕੀਮਤਾਂ, ਵਿਵਹਾਰ ਅਤੇ ਰਾਜ ਪ੍ਰਬੰਧ ਆਦਿ ਦਾ ਅਧਿਐਨ ਕੀਤਾ ਹੈ। ਰੁੱਖਾਂ ਦੇ ਖਾਤਮੇ ਨਾਲ ਸੱਥਾਂ ਦਾ ਖਤਮ ਹੋਣਾ, ਪਾਠੀ ਦਾ ਅਵਾਜ਼ ਦਾ ਮਸ਼ੀਨਾਂ ਦੀ ਅਵਾਜ਼ ਹੇਠ ਆਉਣਾ, ਸਭਿਆਚਾਰਕ ਔਜ਼ਾਰਾਂ ਦੀ ਥਾਂ ਤਕਨੀਕੀ ਯੰਤਰ, ਖੇਤਾਂ ਅਤੇ ਪਛੂ ਪਾਲਣ ਕਰਕੇ ਜਾਨਵਰਾਂ ਨਾਲ ਮੋਹ, ਪਾਣੀ ਦੀ ਘਾਟ ਕਾਰਨ ਟੁੱਟਦੀ ਸਾਂਝ, ਕਿੱਤਿਆਂ ਦਾ ਬਦਲਣਾ, ਮੇਲਿਆਂ ਦਾ ਖ਼ਤਮ ਹੋਣਾ, ਵਾਤਾਵਰਨ ਬਦਲਾਵ ਕਰਕੇ ਲੋਕਗੀਤਾਂ ਦੀ ਮੌਤ, ਜਾਨਵਰਾਂ ਦਾ ਲੁਪਤ ਹੋਣਾ, ਖੂਹਾਂ ਨਾਲ ਜੁੜੀ ਸਾਂਝ ਦਾ ਟੁੱਟਣਾ, ਪਾਣੀ ਅਤੇ ਰੁੱਖਾਂ ਦੇ ਖਾਤਮੇ ਕਾਰਨ ਵਿਆਹ ਦੀਆਂ ਰਸਮਾਂ ਪਾਣੀ ਵਾਰਨਾ, ਜੰਡੀ ਵੱਢਣਾ ਦੀ ਸਥਿਤੀ, ਆਧੁਨਿਕ ਤਕਨੀਕਾਂ ਨਾਲ ਚਿੱਠੀਆਂ ਦੀ ਰੀਤ ਦਾ ਖਾਤਮਾ, ਗਿੱਧਿਆਂ ਦਾ ਡੀ.ਜੇ ਰੂਪ ਵਿਚ, ਖੁੱਲ੍ਹੇ ਵਿਹੜਿਆਂ ਦਾ ਰਿਜੋਰਟਾਂ ਚ, ਵਧਦੇ ਸ਼ਹਿਰੀਕਰਨ ਕਾਰਨ ਭਾਸ਼ਾ ਵਿਚ ਪਰਿਵਰਤਨ ਆਦਿ ਸ਼ਾਮਲ ਹੈ।

ਉਪਰੋਕਤ ਅਧਿਐਨ ਤੋਂ ਬਾਅਦ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਈਕੋਕ੍ਰਿਟੀਸਿਜ਼ਮ ਅਧਿਐਨ ਵਿਧੀ ਵਿਚ ਸਭਿਆਚਾਰਕ ਅੰਗਾਂ ਅਤੇ ਵਾਤਾਵਰਨ ਤੱਤਾਂ ਵਿਚ ਅਟੁੱਟ ਸੰਬੰਧ ਪਾਇਆ ਜਾਂਦਾ ਹੈ। ਗ੍ਰੀਨ ਕਲਚਰ ਸਟੱਡੀ ਜਾਂ ਈਕੋਕਲਚਰ ਨੂੰ ਮੁੱਖ ਰੱਖਦੇ ਹੋਏ ਨਾਵਲਾਂ ਵਿਚ ਪੇਸ਼ ਹੋਏ ਪੰਜਾਬ ਦੇ ਬਦਲਦੇ ਵਾਤਾਵਰਨ ਕਾਰਨ ਪੰਜਾਬੀ ਸਭਿਆਚਾਰ ਪਰਿਵਰਤਨ ਅਤੇ ਜੀਵਨ ਜਾਂਚ ਵਿਚ ਆਈਆਂ ਤਬਦੀਲੀਆਂ ਨਿਰੰਤਰ ਵਧ ਰਹੀਆਂ ਹਨ। ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾ ਨੂੰ ਬਚਾਉਣ ਲਈ ਵਾਤਾਵਰਨ ਦੇ ਮੁਲਵਾਨ ਤੱਤਾਂ ਦੀ ਸਾਂਭ-ਸੰਭਾਲ ਵੀ ਸਾਡੀ ਜਿੰਮੇਦਾਰੀ ਬਣ ਜਾਂਦੀ ਹੈ। ਨਾਵਲਕਾਰਾਂ ਦੁਆਰਾ ਵੀ ਨਾਵਲਾਂ ਵਿਚ ਪੰਜਾਬੀ ਸਭਿਆਚਾਰ ਨੂੰ ਸੁਰਖਿਅਤ ਰੱਖਣ ਲਈ ਵੱਖਰੇ-ਵੱਖਰੇ ਸੁਝਾਹ ਪੇਸ਼ ਕੀਤੇ ਗਏ ਹਨ।

## ਹਵਾਲੇ ਅਤੇ ਟਿੱਪਣੀਆਂ

1. *Howarth, William. "Some Principles of Ecocriticism" Eds. Cheryall Glotfelty and Harold Fromm. The Ecocriticism Reader: Landmarks in Literary Ecology. U of Georgia P, London, 1996. Page. 169-191.*

2. ਫਰੈਂਕ, ਗੁਰਬਖ਼ਸ਼ ਸਿੰਘ(ਪ੍ਰੋ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ਼ ਸ਼ਾਹ ਫਾਊਂਡੇਸ਼ਨ, 1987. ਪੰਨਾ: 23.
3. ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2021,ਪੰਨਾ: 12.
4. ਰਾਹੀ, ਜੋਗਿੰਦਰ ਸਿੰਘ (ਡਾ.). ਨਾਵਲ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, 2013. ਪੰਨਾ: 33.
5. ਦਵੇਸ਼ਵਰ, ਸੁਰਿੰਦਰ ਕੁਮਾਰ, ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ, ਪਬਲੀਕੇਸ਼ਨ ਬਿਊਰੋ, 2019. ਪੰਨਾ: 70.
6. ਪਰਵਾਨਾ, ਬਲਬੀਰ, ਗਹਿਰ ਚੜ੍ਹੀ ਅਸਮਾਨ, ਲੋਕਗੀਤ ਪ੍ਰਕਾਸ਼ਨ, 2010. ਪੰਨਾ: 7.
7. ਉਹੀ, ਪੰਨਾ: 124.
8. ਉਹੀ, ਪੰਨਾ: 14.
9. ਬਲਦੇਵ ਸਿੰਘ, 'ਖਾਕੂ ਜੇਡੁ ਨ ਕੋਇ, ਲੋਕਗੀਤ ਪ੍ਰਕਾਸ਼ਨ, 2013. ਪੰਨਾ: 18.
10. ਮੰਡ, ਜਸਵੀਰ, ਖਾਜ, ਆਟਮ ਆਰਟ, 2015. ਪੰਨਾ: 99.
11. ਰਾਣਾ, ਜਸਵੀਰ ਸਿੰਘ, ਇੱਥੋਂ ਰੇਗਿਸਤਾਨ ਦਿਸਦਾ ਹੈ, ਆਟਮ ਆਰਟ, 2017, ਪੰਨਾ: 144.